# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ੍ਹ

| ਟੈਲੀਫੋਨ | ਫੈਕਸ | ਈ–ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਡਿ.ਐਸ.ਪੀ.ਡੀ(ਕੇ)/ਓ.ਓ.ਐਸ.ਸੀ/2010-11/**31430-31449**
ਮਿੱਤੀ ਚੰਡੀਗੜ੍ਹ: 1–04–2010

ਵਿਸ਼ਾ: – **ਸਾਲ 2010-11 ਦੌਰਾਨ ਸਕੂਲੋਂ ਵਿਰਵੇ ਬੱਚਿਆਂ ਲਈ ਏ.ਆਈ.ਈ ਕੇਂਦਰ ਖੋਲਣ ਸਬੰਧੀ ਦਿਸ਼ਾ ਨਿਰਦੇਸ਼**

ਮਿੱਤੀ 15-03-10 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਵਿਚ ਸਕੂਲੋਂ ਵਿਰਵੇਂ ਬੱਚਿਆਂ ਦੀ ਪਲਾਨ ਨੂੰ ਲਾਗੂ ਕਰਨ ਬਾਰੇ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਗਈ। ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਵਲੋਂ ਦਿਤੇ ਗਏ ਸੁਝਾਅ ਦੇ ਸਨਮੁੱਖ ਸਾਲ 2010-11 ਲਈ ਏ.ਆਈ.ਈ ਕੇਂਦਰਾਂ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹੋਣਗੇ।

## I. ਏ.ਆਈ.ਈ ਕੇਂਦਰ ਖੋਲਣ ਬਾਰੇ।

1) ਪਲਾਨ ਅਨੁਸਾਰ 6 ਤੋਂ 8 ਆਯੂ ਗੁੱਟ ਦੇ ਬੱਚਿਆਂ ਨੂੰ ਸਿੱਧੇ ਨੇੜੇ ਲਗਦੇ ਸਕੂਲਾਂ ਵਿਚ ਦਾਖਲ ਕਰਵਾਉਣਾ ਹੈ। ਇਹਨਾ ਬੱਚਿਆਂ ਨੂੰ ਸਿਧੇ ਦਾਖਲੇ ਰਾਹੀ ਸਕੂਲ ਦੀ ਮੁੱਖ ਧਾਰਾ ਵਿਚ ਲਿਆਉਣਾ ਹੈ।
2) $8^{+}$-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਨੂੰ ਉਹਨਾ ਦੀ ਉਮਰ ਅਤੇ ਮਾਨਸਿਕ ਪੱਧਰ ਅਨੁਸਾਰ ਰੈਗੂਲਰ ਸਕੂਲ ਲਈ ਤਿਆਰ ਕਰਨ ਹਿਤ ਏ.ਆਈ.ਈ ਕੇਂਦਰ ਚਲਾਏ ਜਾਣਗੇ। ਧਿਆਨ ਰਹੇ ਕਿ ਇਹ ਏ.ਆਈ.ਈ ਕੇਂਦਰ ਮਿਤੀ 1-04-2010 ਤੋਂ ਸਰਕਾਰੀ ਸਕੂਲਾਂ ਦੇ ਵਿਚ ਹੀ ਰੈਗੂਲਰ ਸਕੂਲ ਸਟਾਫ ਦੀ ਨਿਗਰਾਨੀ ਹੇਠ ਖੋਲੇ ਜਾਣਗੇ।
3) ਏ.ਆਈ.ਈ ਕੇਂਦਰ ਖੋਲਣ, ਵਲੰਟੀਅਰ ਨਿਯੁਕਤ ਕਰਣ ਅਤੇ ਸਮੂਹ ਸਕੂਲੋਂ ਵਿਰਵੇ ਬੱਚਿਆਂ ਨੂੰ ਕੇਂਦਰ ਵਿਚ ਦਾਖਲ ਕਰਣ ਦਾ ਸਾਰਾ ਕੰਮ ਮਿਤੀ 30 ਅਪ੍ਰੈਲ 2010 ਤੱਕ ਪੂਰਾ ਕਰ ਲਿਆ ਜਾਵੇ।

4) ਇਹਨਾਂ ਕੇਂਦਰਾਂ ਵਿਚ $8^+$-14 ਸਾਲ ਦੇ ਬੱਚਿਆ ਲਈ ਉਹਨਾਂ ਦੇ ਮਾਨਸਿਕ ਪੱਧਰ ਅਨੁਸਾਰ ਬ੍ਰਿਜ ਕੋਰਸ ਚਾਲੂ ਕੀਤੇ ਜਾਣਗੇ। ਬ੍ਰਿਜ ਕੋਰਸ ਦਾ ਵੇਰਵਾ ਹੇਠ ਅਨੁਸਾਰ ਹੋਵੇਗਾ।

   i) ਬ੍ਰਿਜ ਕੋਰਸ-1: ਅਜਿਹੇ $8^+$-14 ਆਯੂ ਗੁਟ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਪਹਿਲੀ ਅਤੇ ਦੂਸਰੀ ਦੇ ਬਰਾਬਰ ਹੈ, ਉਹਨਾ ਨੂੰ ਤੀਸਰੀ ਜਮਾਤ ਵਾਸਤੇ ਤਿਆਰ ਕਰਨ ਲਈ।

   ii) ਬ੍ਰਿਜ ਕੋਰਸ-2: ਅਜਿਹੇ $8^+$-14 ਆਯੂ ਗੁਟ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਤੀਜੀ ਅਤੇ ਚੌਥੀ ਦੇ ਬਰਾਬਰ ਹੈ, ਉਹਨਾ ਨੂੰ ਪੰਜਵੀ ਜਮਾਤ ਵਾਸਤੇ ਤਿਆਰ ਕਰਨ ਲਈ।

   iii) ਬ੍ਰਿਜ ਕੋਰਸ-3: ਅਜਿਹੇ $8^+$-14 ਆਯੂ ਗੁਟ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਛੇਵੀਂ ਅਤੇ ਸੱਤਵੀਂ ਦੇ ਬਰਾਬਰ ਹੈ, ਉਹਨਾ ਨੂੰ ਅੱਠਵੀ ਜਮਾਤ ਵਾਸਤੇ ਤਿਆਰ ਕਰਨ ਲਈ।

5) ਭਾਵੇਂ ਕਿ ਹਰ ਏ.ਆਈ.ਈ ਕੇਂਦਰ ਅਪ੍ਰੈਲ 2010 ਤੋਂ ਸ਼ੁਰੂ ਕਰਕੇ ਮਾਰਚ 2011 ਤੱਕ ਚਲਾਇਆ ਜਾਵੇਗਾ ਪਰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਜਿਵੇਂ ਹੀ ਬੱਚਾ ਆਪਣੀ ਉਮਰ ਅਤੇ ਮਾਨਸਿਕ ਪੱਧਰ ਮੁਤਾਬਕ ਯੋਗ ਜਮਾਤ ਲਈ ਤਿਆਰ ਹੋ ਜਾਂਦਾ ਹੈ ਉਸਨੂੰ ਰੈਗੂਲਰ ਕਲਾਸ ਵਿਚ ਮੇਨਸਟਰੀਮ ਕਰਵਾ ਦਿੱਤਾ ਜਾਵੇ। ਮਿਸਾਲ ਦੇ ਤੌਰ ਤੇ ਕੋਈ ਬੱਚਾ ਦੋ ਮਹੀਨੇ ਵਿਚ ਹੀ ਮੇਨਸਟਰੀਮ ਹੋਣ ਦੇ ਯੋਗ ਹੋ ਸਕਦਾ ਹੈ ਅਤੇ ਕਿਸੇ ਹੋਰ ਬੱਚੇ ਨੂੰ ਛੇ, ਅੱਠ, ਦੱਸ ਮਹੀਨੇ ਜਾਂ ਇਸ ਤੋਂ ਵੱਧ ਸਮਾਂ ਵੀ ਲੱਗ ਸਕਦਾ ਹੈ।

6) 5 ਤੋਂ 20 ਬੱਚਿਆਂ ਲਈ ਇੱਕ ਏ.ਆਈ.ਈ ਕੇਂਦਰ ਖੋਲਿਆ ਜਾਵੇਗਾ। ਹਰ ਕੇਂਦਰ ਵਿਚ ਇੱਕ ਏ.ਆਈ.ਈ ਵਲੰਟੀਅਰ ਰੱਖਿਆ ਜਾਵੇਗਾ।

7) ਏ.ਆਈ.ਈ ਕੇਂਦਰ ਵਿਚ ਪੜ੍ਹਦੇ ਸਮੂਹ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਸਬੰਧਤ ਪਸਵਕ ਰਾਹੀ ਮੁੱਹਈਆ ਕਰਵਾਇਆ ਜਾਵੇਗਾ।

## II. ਏ.ਆਈ.ਈ ਵਲੰਟੀਅਰ ਦੀ ਨਿਯੁਕਤੀ, ਮਾਣਭਤੇ ਅਤੇ ਟ੍ਰੇਰਨਿੰਗ ਬਾਰੇ।

1) ਏ.ਆਈ.ਈ ਵਲੰਟੀਅਰ ਦੀ ਖੋਜ ਅਤੇ ਨਿਯੁਕਤੀ ਸਕੂਲ ਪਸਵਕ ਵਲੋਂ ਨਿਰੋਲ ਮੈਰੀਟ ਦੇ ਅਧਾਰ ਤੇ ਕੀਤੀ ਜਾਵੇਗੀ। ਏ.ਆਈ.ਈ ਵਲੰਟੀਅਰ ਦੀ ਨਿੱਯੁਕਤੀ ਲਈ ਉਮਰ ਦੀ ਹੱਦ 18-42 ਸਾਲ ਹੋਵੇਗੀ। ਜਿਨ੍ਹਾ ਉਮੀਦਵਾਰਾਂ ਨੇ ਈ.ਜੀ.ਐਸ/ਏ.ਆਈ.ਈ ਕੇਂਦਰਾਂ ਵਿਚ ਬਤੌਰ ਵਲੰਟੀਅਰ ਕੰਮ ਕੀਤਾ ਹੈ, ਉਹਨਾ ਉਮੀਦਵਾਰਾਂ ਨੂੰ ਕੰਮ ਕੀਤੇ ਸਮੇਂ ਦੇ ਬਰਾਬਰ ਉਪਰਲੀ ਉਮਰ ਦੀ ਹੱਦ ਵਿਚ ਛੋਟ ਦਿਤੀ ਜਾਵੇਗੀ ਬਸ਼ਰਤੇ ਕਿ ਤਜਰਬਾ ਸਰਟੀਫੀਕੇਟ ਸਮੱਰਥ ਅਧਿਕਾਰੀ (ਜ਼ਿ.ਸਿੱ.ਅ/ਬੀ.ਪੀ.ਈ.ਓ) ਵਲੋਂ ਤਸਦੀਕਸ਼ੁਦਾ ਕੀਤਾ ਗਿਆ ਹੋਵੇ। ਜੇਕਰ ਨਿੱਯੁਕਤੀ ਸਮੇਂ ਉਸੇ ਪਿੰਡ ਦੀ ਪੁਰਸ਼/ਇਸਤਰੀ ਉਮੀਦਵਾਰ ਦੀ ਮੈਰਿਟ ਬਰਾਬਰ ਬਣਦੀ ਹੋਵੇ ਤਾਂ ਇਸਤਰੀ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।

2) 5-10 ਬੱਚਿਆਂ ਦੀ ਗਿਣਤੀ ਵਾਲੇ ਕੇਂਦਰਾਂ ਦੇ ਵਲੰਟੀਅਰਾਂ ਨੂੰ ਮਾਨਭੱਤਾ 1000/- ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦਿੱਤਾ ਜਾਵੇਗਾ। 10 ਤੋਂ ਵੱਧ ਦਾਖਲ ਕੀਤੇ ਬੱਚਿਆਂ ਵਾਸਤੇ ਵਲੰਟੀਅਰ ਨੂੰ ਵਾਧੂ ਮਾਨਭੱਤਾ 100/- ਰੁਪਏ ਪ੍ਰਤੀ ਬੱਚਾ ਪ੍ਰਤੀ ਮਹੀਨਾ ਦੀ ਦਰ ਤੇ ਦਿੱਤਾ ਜਾਵੇਗਾ।

3) ਏ.ਆਈ.ਈ ਵਲੰਟੀਅਰ ਦੀ ਅਕਾਦਮਿਕ ਯੋਗਤਾ ਬ੍ਰਿਜ ਕੋਰਸ 1 ਅਤੇ 2 ਲਈ ਘੱਟ ਤੋਂ ਘੱਟ 10+2 ਹੋਵੇਗੀ ਅਤੇ ਬ੍ਰਿਜ ਕੋਰਸ 3 ਲਈ ਗ੍ਰੈਜੁਏਸ਼ਨ/ਵੱਧ ਯੋਗਤਾ ਵਾਲੇ ਉਮਰੀਦਵਾਰ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ।

4) ਸਮੂਹ ਏ.ਆਈ.ਈ ਵਲੰਟੀਅਰਾਂ ਨੂੰ ਪੰਜ ਦਿਨ ਦੀ ਟ੍ਰੇਨਿੰਗ ਡੀ.ਐਮ.ਟੀਜ਼/ਬੀ.ਐਮ.ਟੀਜ਼/ਸੀ.ਐਮ.ਟੀਜ਼/ ਵਲੋਂ ਬਲਾਕ ਅਤੇ ਕਲਸਟਰ ਪੱਧਰ ਤੇ ਦਿੱਤੀ ਜਾਵੇਗੀ। ਇਹ ਟ੍ਰੇਨਿੰਗ ਜੂਨ ਦੇ ਆਖਰੀ ਹਫਤੇ ਵਿੱਚ ਹੋਵੇਗੀ। ਟ੍ਰੇਰਨਿੰਗ ਦੀ ਸਹੀ ਸਮਾਂ ਸੂਚੀ ਮੁੱਖ ਦਫ਼ਤਰ ਵਲੋਂ ਸਮੂਹ ਜ਼ਿਲ੍ਹਿਆਂ ਨੂੰ ਬਾਅਦ ਵਿਚ ਭੇਜ ਦਿੱਤੀ ਜਾਵੇਗੀ।

## III. ਏ.ਆਈ.ਈ ਕੇਂਦਰਾਂ ਦੇ ਬੱਚਿਆਂ ਦੇ ਮੁਲਾਂਕਣ ਬਾਰੇ।

ਏ.ਆਈ.ਈ ਕੇਂਦਰ ਵਿਚ ਦਾਖਲ ਹੋਣ ਵਾਲੇ ਬੱਚਿਆਂ ਦਾ ਮੁੱਢਲਾ ਮੁਲੰਕਣ (Base line) ਅਪ੍ਰੈਲ ਮਹੀਨੇ ਵਿਚ, ਮੱਧ ਕੋਰਸ ਮੁਲੰਕਣ (Mid-Term Evaluation) ਜੁਲਾਈ ਮਹੀਨੇ ਵਿਚ ਅਤੇ ਆਖਰੀ ਮੁਲੰਕਣ (Final Evaluation) ਫਰਵਰੀ, 2011 ਵਿਚ ਬੀ.ਆਰ.ਪੀਜ਼ ਅਤੇ ਕਲਸਟਰ ਮਾਸਟਰ ਟ੍ਰੇਨਰ (CMT Parroh Punjab) ਵਲੋਂ ਕਰਨਾ ਲਾਜ਼ਮੀ ਹੋਵੇਗਾ। ਮੁੱਢਲੇ ਮੁਲੰਕਣ ਦੇ ਅਧਾਰ ਤੇ ਬੱਚੇ ਲਈ ਬ੍ਰਿਜ ਕੋਰਸ ਦਾ ਨਿਰਣਾ ਕੀਤਾ ਜਾਵੇਗਾ ਅਤੇ ਮੱਧ ਕੋਰਸ ਜਾਂ ਆਖਰੀ ਮੁਲੰਕਣ ਦੇ ਅਧਾਰ ਤੇ ਬੱਚੇ ਦੀ ਮੇਨਸਟਰੀਮਿੰਗ ਦਾ ਫੈਸਲਾ ਲਿਆ ਜਾਵੇਗਾ।

## IV. ਏ.ਆਈ.ਈ ਕੇਂਦਰ ਦੇ ਕੰਮ-ਕਾਜ ਦੇ ਨਿਰੀਖਣ ਅਤੇ ਰਿਵਿਯੂ ਬਾਰੇ।

1) ਏ.ਆਈ.ਈ ਕੇਂਦਰਾਂ ਦਾ ਕੰਮ-ਕਾਜ ਦਾ ਨਿਰੀਖਣ ਸੰਬਧਤ ਬੀ.ਆਰ.ਪੀ ਵਲੋਂ ਹਰ ਹਫਤੇ ਕੀਤਾ ਜਾਵੇਗਾ।

2) ਏ.ਆਈ.ਈ ਵਲੰਟੀਅਰ ਦੀ ਮਹੀਨਾਵਾਰ ਰਿਵਿਊ ਮੀਟਿੰਗ ਸਬੰਧਤ ਡੀ.ਆਰ.ਪੀ/ਬੀ.ਆਰ.ਪੀ ਵਲੋਂ ਮਹੀਨੇ ਦੇ ਹਰ ਆਖਰੀ ਸੋਮਵਾਰ ਬੀ.ਆਰ.ਸੀ ਵਿਖੇ ਕੀਤੀ ਜਾਵੇਗੀ। ਇਹਨਾ ਏ.ਆਈ.ਈ ਵਲੰਟੀਅਰ ਨੂੰ ਮੀਟਿੰਗ ਵਿਚ ਭਾਗ ਲੈਣ ਲਈ ਨਿਯਮਾਂ ਅਨੁਸਾਰ ਟੀ.ਏ/ਡੀ.ਏ ਏ.ਆਈ.ਈ ਮੱਦ ਦੇ ਫੰਡਾਂ ਵਿਚੋਂ ਦਿੱਤਾ ਜਾਵੇਗਾ।

3) ਏ.ਆਈ.ਈ ਵਲੰਟੀਅਰ ਦੀ ਕਾਰਗੁਜਾਰੀ ਅਤੇ ਬੱਚਿਆ ਦੀ ਪ੍ਰੋਫਾਰਮੈਂਸ ਸਮੇਂ-ਸਮੇਂ ਤੇ ਬੀ.ਆਰ.ਪੀਜ਼/ ਸੀ.ਐਮ.ਟੀਜ਼ ਵਲੋਂ ਕੀਤੀ ਜਾਵੇਗੀ। ਕੰਮ-ਕਾਜ ਤਸਲੀਬਖਸ਼ ਨਾ ਹੋਣ ਦੀ ਸੂਰਤ ਵਿਚ ਕਿਸੇ ਵੀ ਸਮੇਂ ਬਿਨ੍ਹਾ ਕਿਸੇ ਨੋਟਿਸ ਤੋਂ ਏ.ਆਈ.ਈ ਵਲੰਟੀਅਰ ਨੂੰ ਡਿਊਟੀ ਤੋ ਫਾਰਗ ਕੀਤਾ ਜਾ ਸਕਦਾ ਹੈ।

4) ਏ.ਆਈ.ਈ ਕੇਂਦਰ ਦੀ ਸਮੂਚੀ ਕਾਰ-ਗੁਜ਼ਾਰੀ ਸਬੰਧਤ ਸਕੂਲ ਮੁਖੀ ਦੀ ਦੇਖ-ਰੇਖ ਵਿਚ ਹੋਵੇਗੀ। ਕੇਂਦਰ ਵਿਚ ਬੱਚਿਆਂ ਅਤੇ ਵੰਲਟੀਅਰ ਦੀ ਹਾਜ਼ਰੀ, ਪੜ੍ਹਨ-ਪੜ੍ਹਾਉਣ ਦੀ ਗਤੀਵਿਧੀ ਅਤੇ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਿੱਦਿਅਕ ਅਤੇ ਨਿਜੀ ਸਹੂਲਤਾਂ ਵੇਲੇ ਸਿਰ ਮੁੱਹਈਆ ਕਰਵਾਉਣ ਦੀ

ਸਮੂਚੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਇੰਚਾਰਜ/ਅਧਿਆਪਕ ਦੀ ਹੋਵੇਗੀ। ਏ.ਆਈ.ਈ ਕੇਂਦਰਾਂ ਦੇ ਬੱਚਿਆਂ ਦੀ ਹਾਜ਼ਰੀ ਰੋਜ਼ਾਨਾ ਸਕੂਲ ਮੁੱਖੀ ਅਧਿਆਪਕ ਵੱਲੋਂ ਤਸਦੀਕ ਕੀਤੀ ਜਾਵੇਗੀ।

**V.** **I.** ਏ.ਆਈ.ਈ ਮੱਦ ਅਧੀਨ ਗਤੀਵਿਧੀਆਂ ਅਨੁਸਾਰ ਫੰਡਾਂ ਦੀ ਵਰਤੋ ਹੇਠ ਅਨੁਸਾਰ ਕੀਤੀ ਜਾਵੇਗੀ:-

| ਲੜੀ ਨੰ: | ਗਤੀਵਿਧੀਆਂ | ਗਤੀਵਿਧੀਆਂ ਦਾ ਖਰਚਾ | ਵਿਸ਼ੇਸ਼ ਕੱਥਨ |
|---|---|---|---|
| 1 | ਏ.ਆਈ.ਈ ਵਲੰਟੀਅਰ ਦਾ ਮਾਨਭੱਤਾ | ਉਪਰੋਕਤ ਦਰਸਾਏ ਮੱਦ ਨੰ: II. ਦੇ ਪੈਰਾ ਨੰ: 2) ਅਨੁਸਾਰ | ਪਸਵਕ ਪੱਧਰ |
| 2 | ਪਾਠ ਪੁਸਤਕਾਂ (ਬ੍ਰਿਜ ਕੋਰਸ – 1, 2 ਅਤੇ 3) | - | ਮੁੱਖ ਦਫਤਰ ਵਲੋਂ ਮੁੱਹਈਆਂ ਕਰਵਾਈਆਂ ਜਾਣਗੀਆਂ। |
| 3 | ਸਟੇਸ਼ਨਰੀ (5 ਕਾਪੀਆਂ, 2 ਪੈਨ, 2 ਪੈਂਸਿਲ, 2 ਰੱਬੜ, ਸ਼ਾਰਪਨਰ, ਸਲੇਟ ਅਤੇ ਸਲੇਟੀ) | @ Rs. 100/- ਪ੍ਰਤੀ ਬੱਚਾ ਪ੍ਰਤੀ ਸਾਲ ਦੋ ਵਾਰ | ਪਸਵਕ ਪੱਧਰ |
| 4 | 1) 6-8 ਸਾਲ ਦੇ ਬੱਚਿਆਂ ਲਈ ਫੋਟੋ ਅਤੇ ਦਾਖਲਾ ਫਾਰਮ<br>2) 8-14 ਸਾਲ ਦੇ ਬੱਚਿਆਂ ਲਈ ਫੋਟੋ, ਸ਼ਨਾਖਤ ਕਾਰਡ ਅਤੇ ਦਾਖਲਾ ਫਾਰਮ | 1) @ Rs. 20/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ<br>2) @ Rs. 25/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ | 1) ਸਬੰਧਤ ਸਕੂਲ ਮੁੱਖੀ ਰਾਹੀ।<br>2) ਏ.ਆਈ.ਈ ਵਲੰਟੀਅਰ/ |
| 5 | ਟੀ.ਐਲ.ਐਮ (ਮੁਹਾਰਨੀ ਚਾਰਟ, ਪਹਾੜਿਆਂ ਦਾ ਚਾਰਟ, ਫਲਾਂ, ਸਬਜ਼ੀਆਂ, ਜਾਨਵਰਾਂ, ਸ਼ਰੀਰ ਦੇ ਅੰਗਾਂ, ਐਲਫਾਬੈਟਜ਼ ਅਤੇ ਰਾਸ਼ਟਰ ਗਾਣ) | @ Rs. 250/- ਪ੍ਰਤੀ ਕੇਂਦਰ ਇੱਕ ਵਾਰ | ਪਸਵਕ ਪੱਧਰ |
| 6 | ਕੰਨਟੇਜੈਂਸੀ/ਕੇਂਦਰ ਗ੍ਰਾਂਟ (ਕੁਰਸੀ, ਟੇਬਲ, ਪੀਣ ਵਾਲੇ ਪਾਣੀ ਦਾ ਕੈਂਪਫ਼ਰ, ਟਾਟ ਪੱਟੀ, ਬਲੈਕ ਬੋਰਡ, ਖੇਡਾਂ ਦਾ ਸਮਾਨ, ਬੱਚਿਆਂ ਦਾ ਹਾਜ਼ਰੀ ਰਜਿਸਟਰ, ਦਾਖਲ ਖਾਰਜ ਰਜਿਸਟਰ ਆਦਿ) | @ Rs. 2500/- ਪ੍ਰਤੀ ਕੇਂਦਰ ਇੱਕ ਵਾਰ | ਪਸਵਕ ਪੱਧਰ |
| 7 | ਵਲੰਟੀਅਰ ਦੀ ਟ੍ਰੇਨਿੰਗ | @ Rs. 100/- ਪ੍ਰਤੀ ਵਲੰਟੀਅਰ ਪ੍ਰਤੀ ਦਿਨ | ਡਾਇਟ/ਜੀ.ਆਈ.ਐਸ.ਟੀ.ਸੀ/ ਬੀ.ਐਮ.ਟੀਜ਼/ਡੀ.ਐਮ.ਟੀਜ਼/ ਸੀ.ਐਮ.ਟੀਜ਼ |
| 8 | ਐਕਸਪੋਜ਼ਰ ਵਿਜ਼ਟ | - | ਇਸ ਸਬੰਧੀ ਦਿਸ਼ਾ ਨਿਰਦੇਸ਼ ਮੁੱਖ ਦਫ਼ਤਰ ਵਲੋਂ ਬਾਅਦ ਵਿਚ ਜਾਰੀ ਕੀਤੇ ਜਾਣਗੇ |

**II.** ਅਜਿਹੇ ਬੱਚੇ ਜੋ ਕੁੱਝ ਖਾਸ ਕਾਰਣਾ ਕਰਕੇ (ਜਿਵੇਂ ਕਿ ਸਰੀਰਕ ਅਪੰਗਤਾ ਜਾਂ ਏ.ਆਈ.ਈ ਕੇਂਦਰ ਤੋਂ ਘਰ ਤੱਕ ਦਾ ਫਾਸਲਾਂ 2-2½ ਕਿ.ਮੀ. ਤੋਂ ਜਿਆਦਾ ਆਦਿ) ਕੇਂਦਰ ਵਿਚ ਆਉਣ ਤੋਂ ਅਸਮਰੱਥ ਹੋਣ, ਉਹਨਾਂ ਲਈ ਟ੍ਰਾਂਸਪੋਰਟੇਸ਼ਨ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ। ਇਸ ਸਬੰਧੀ ਵੱਖਰੇ ਦਿਸ਼ਾ ਨਿਰਦੇਸ਼ ਮੁੱਖ ਦਫ਼ਤਰ ਵਲੋਂ ਬਾਅਦ ਵਿਚ ਭੇਜੇ ਜਾਣਗੇ।

**VI. ਚਾਇਲਡ ਟਰੈਕਿੰਗ ਦੇ ਕੰਮ-ਕਾਜ ਬਾਰੇ।**

ਸਾਲ 2010-11 ਲਈ ਸ਼ਨਾਖਤ ਕੀਤੇ ਸਮੂਹ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਅਤੇ ਏ.ਆਈ.ਈ ਕੇਂਦਰਾਂ ਵਿਚ ਦਾਖਲ ਕਰਵਾ ਕੇ ਇਹਨਾ ਦਾ ਰੈਗੂਲਰ ਟਰੈਕ ਰੱਖਣ ਦੀ ਜੁੰਮੇਵਾਰੀ ਸਬੰਧਤ ਬੀ.ਆਰ.ਪੀ/ਡੀ.ਆਰ.ਪੀ ਅਤੇ ਜ਼ਿਲ੍ਹਾਂ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

ਉੱਕਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਕੇ ਰਿਪੋਰਟ 03-05-2010 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

-ਸਹੀ-
ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਪੰਜਾਬ